ਰਜਿਸਟਰਡ

ਵੱਲੋਂ

ਇੰਸਪੈਕਟਰ ਜਨਰਲ ਪੁਲਿਸ-ਕਮ-
ਲੋਕ ਸੂਚਨਾਂ ਅਫਸਰ,
ਪੀ.ਏ.ਪੀ. ਜਲੰਧਰ ਛਾਉਣੀ।

ਵੱਲ

ਸ਼੍ਰੀਮਤੀ ਕੁਲਵਿੰਦਰ ਪਾਲ ਕੌਰ ਪਤਨੀ ਦਲਜਿੰਦਰਜੀਤ ਸਿੰਘ,
ਵਾਸੀ ਐਲ-3/373 ਗਲੀ ਨੰਬਰ 4, ਜਸਪਾਲ ਨਗਰ,
ਸੁਲਤਾਨਵਿੰਡ ਰੋਡ, ਜਿਲ੍ਹਾ ਅੰਮ੍ਰਿਤਸਰ।
(ਮੋ:ਨੰਬਰ 81462-42514)।

ਨੰਬਰ /ਈ-6 ਮਿਤੀ

ਵਿਸ਼ਾ:- ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਸੂਚਨਾ ਲੈਣ ਬਾਰੇ।

ਯਾਦ ਪੱਤਰ

ਹਵਾਲਾ ਆਪ ਦੀ ਦਰਖਾਸਤ ਮਿਤੀ 14-08-2018, ਜੋ ਕਮਾਂਡੈਂਟ, 82ਵੀ ਬਟਾਲੀਅਨ ਪੀ.ਏ.ਪੀ., ਚੰਡੀਗੜ੍ਹ ਨੂੰ ਸੰਬੋਧਿਤ ਹੈ, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਆਪ ਜੀ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਸਿਪਾਹੀ ਦਲਜਿੰਦਰ ਸਿੰਘ, ਨੰਬਰ 82/805 ਦੀਆਂ ਜਾਤੀ ਜਾਣਕਾਰੀਆਂ ਨਾਲ ਹੋਣ ਕਰਕੇ ਕਾਨੂੰਨ ਦੇ ਅਨੁਸਾਰ ਉਕਤ ਸੂਚਨਾਵਾਂ ਬਾਰੇ ਉਹਨਾ ਦਾ ਪੱਖ ਜਾਣਿਆ ਗਿਆਂ, ਜਿਨ੍ਹਾਂ ਨੇ ਆਪਣਾ ਪੱਖ ਪੇਸ਼ ਕਰਦੇ ਹੋਏ, ਇਹ ਬੇਨਤੀ ਕੀਤੀ ਹੈ ਕਿ ਆਪ ਜੀ ਵੱਲੋਂ ਮੰਗੀ ਜਾਣਕਾਰੀ ਆਪ ਨੂੰ ਨਾ ਦਿੱਤੀ ਜਾਵੇ। ਉਕਤ ਕਰਮਚਾਰੀ ਦੀ ਬੇਨਤੀ ਵਿੱਚ ਵਜ਼ਨ ਹੋਣ ਕਰਕੇ ਆਪ ਦੀ ਦਰਖਾਸਤ ਸ਼੍ਰੀ ਜਸਕਰਨ ਸਿੰਘ, ਆਈ.ਪੀ.ਐਸ. ਇੰਸਪੈਕਟਰ ਜਨਰਲ ਪੁਲਿਸ-ਕਮ-ਲੋਕ ਸੂਚਨਾ ਅਫਸਰ, ਪੀ.ਏ.ਪੀ. ਜਲੰਧਰ ਛਾਉਣੀ ਵਲੋਂ ਹੁਕਮ ਮਿਤੀ 28-09-2018 ਦੇ ਅਨੁਸਾਰ ਸੂਚਨਾਂ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ।

ਆਪ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇ ਤੁਸੀ ਉਕਤ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ ਤਾਂ ਤੁਸੀ ਇਸ ਪੱਤਰ ਦੇ ਮਿਲਣ ਦੇ 30 ਦਿਨ ਦੀ ਸਮਾਂ ਸੀਮਾ ਵਿੱਚ ਉਕਤ ਸਬੰਧੀ ਅਪੀਲ ਵਧੀਕ ਡਾਇਰੈਕਟਰ ਜਨਰਲ ਪੁਲਿਸ-ਕਮ-ਅਪੀਲੀ ਪ੍ਰਾਧਿਕਾਰੀ, ਆਰਮਡ ਬਨਜ਼., ਜਲੰਧਰ ਛਾਉਣੀ ਪਾਸ ਕਰ ਸਕਦੇ ਹੋ।

ਵਾਸਤੇ ਇੰਸਪੈਕਟਰ ਜਨਰਲ ਪੁਲਿਸ-ਕਮ-
ਲੋਕ ਸੂਚਨਾਂ ਅਫਸਰ,
ਪੀ.ਏ.ਪੀ. ਜਲੰਧਰ ਛਾਉਣੀ।
ਟੈਲੀਫੋਨ ਨੰਬਰ ਦਫਤਰ:0181-2456208

ਨੰਬਰ 35801-02 /ਈ-6 ਮਿਤੀ 03-10-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1.ਕਮਾਂਡੈਂਟ, 82ਵੀ ਬਟਾਲੀਅਨ ਪੀ.ਏ.ਪੀ., ਚੰਡੀਗੜ੍ਹ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 20740/ਸੀ.ਆਰ.ਸੀ, ਮਿਤੀ 20-08-2018, ਦੇ ਹਵਾਲੇ ਵਿੱਚ ਸਮੇਤ 5+5=10/-ਰੁਪਏ ਦੇ ਭਾਰਤੀ ਪੋਸਟਲ ਆਰਡਰ ਨੰਬਰ 41-ਸੀ-021929 ਅਤੇ 41-ਸੀ-021930 ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਭਾਰਤੀ ਪੋਸਟਲ ਆਰਡਰਾਂ ਨੂੰ ਸਬੰਧਤ ਹੈਡ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਰਸੀਦ ਦੀਆਂ ਫੋਟੋ ਕਾਪੀਆਂ ਤੁਰੰਤ ਇਸ ਦਫਤਰ ਨੂੰ ਰਿਕਾਰਡ ਹਿੱਤ ਭੇਜੀਆਂ ਜਾਣ।

2. ਇੰਚਾਰਜ ਵੈਬ-ਸਾਈਟ ਪੀ.ਏ.ਪੀ (ਸਮੇਤ ਦਰਖਾਸਤ)

ਨੱਥੀ: ਉਕਤ ਅਨੁਸਾਰ।

ਵਾਸਤੇ ਇੰਸਪੈਕਟਰ ਜਨਰਲ ਪੁਲਿਸ-ਕਮ-
ਲੋਕ ਸੂਚਨਾਂ ਅਫਸਰ,
ਪੀ.ਏ.ਪੀ. ਜਲੰਧਰ ਛਾਉਣੀ।
ਟੈਲੀਫੋਨ ਨੰਬਰ ਦਫਤਰ:0181-2456208

3/10/18

ਸੇਵਾ ਵਿਖੇ,

ਮਾਨਯੋਗ ਕਮਾਂਡੈਂਟ ਸਾਹਿਬ,
82 ਸੈਕਿੰਡ, ਬੀ.ਓ., ਪੀ.ਏ.ਪੀ.,
ਚੰਡੀਗੜ੍ਹ।

10605
20/8/18

ਵਿਸ਼ਾ:- ਦਰਖਾਸਤ ਬਰਾਏ ਆਰ.ਟੀ.ਆਈ. ਐਕਟ 2005 ਤਹਿਤ ਕਾਂਸਟੇਬਲ ਦਲਜਿੰਦਰਜੀਤ ਸਿੰਘ ਨੰਬਰ 82/605, 82 ਸੈਕਿੰਡ, ਬੀ.ਓ., ਪੀ.ਏ.ਪੀ., ਸਬੰਧੀ ਲਿਖਤੀ ਜਾਣਕਾਰੀ ਲੈਣ ਸਬੰਧੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਕੁਲਵਿੰਦਰ ਪਾਲ ਕੌਰ ਪਤਨੀ ਦਲਜਿੰਦਰਜੀਤ ਸਿੰਘ ਵਾਸੀ ਐਲ-3/373 ਗਲੀ ਨੰਬਰ 4, ਜਸਪਾਲ ਨਗਰ, ਸੁਲਤਾਨਵਿੰਡ ਰੋਡ, ਜਿਲਾ ਅੰਮ੍ਰਿਤਸਰ ਦੀ ਰਹਿਣ ਵਾਲੀ ਹਾਂ ਅਤੇ ਮੈ ਹੇਠ ਲਿਖੇ ਅਨੁਸਾਰ ਆਰ.ਟੀ.ਆਈ. ਐਕਟ ਤਹਿਤ ਤਸਦੀਕਸ਼ੁਦਾ ਜਾਣਕਾਰੀ ਲੈਣਾ ਚਾਹੁੰਦੀ ਹਾਂ:-

1. ਇਹ ਕਿ ਦਲਜਿੰਦਰਜੀਤ ਸਿਘ ਦਾ ਸੈਲਰੀ ਸਰਟੀਫਿਕੇਟ ਤਸਦੀਕਸ਼ੁਦਾ ਕਾਪੀ ਭੇਜੀ ਜਾਵੇ।

2. ਇਹ ਕਿ ਦਲਜਿੰਦਰਜੀਤ ਸਿਘ ਦੀ ਸਰਵਿਸ ਰਿਕਾਰਡ ਵਿੱਚ ਇਸਨੇ ਕਿਸਨੂੰ ਨੋਮੀਨੇਟ ਕੀਤਾ ਹੈ ਉਸ ਸਬੰਧੀ ਲਿਖੀਤੀ ਜਾਣਕਾਰਈ ਦਿਤੀ ਜਾਵੇ ਜੀ।

CRC
Ward 4
...

3. ਕੀ ਦਲਜਿੰਦਰਜੀਤ ਸਿਘ ਨੇ ਆਪਣਾ ਨੋਮੀਨੇਸ਼ਨ ਤਬਦੀਲ ਕੀਤਾ ਹੈ? ਇਸ ਬਾਰੇ ਜਾਣਕਾਰੀ ਦਿਤੀ ਜਾਵੇ ਜੀ।

4. ਕੀ ਦਲਜਿੰਦਰਜੀਤ ਸਿਘ ਨੇ ਆਪਣਾ ਨੋਮੀਨੇਸ਼ਨ ਤਬਦੀਲ ਕਰ ਸਕਦਾ ਹੈ? ਇਸ ਬਾਰੇ ਜਾਣਕਾਰੀ ਦਿਤੀ ਜਾਵੇ ਜੀ।

Two I.P.O.
41C 021929
I.R. 5/- each

ਇਹ ਕਿ ਮੈ ਉਕਤ ਜਾਣਕਾਰੀ ਸਬੰਧੀ ਸਰਕਾਰੀ ਫੀਸ ਦੇ ਰੂਪ ਵਿੱਚ ਪੋਸਟਲ ਆਰਡਰ ਨੰਬਰ 41C 021930 ਮਿਤੀ 14/8/2018 ਰੂਪੈ 5/- ਨਾਲ ਨੱਥੀ ਕਰ ਰਹੀ ਹਾਂ।

ਸੋ ਕਿਰਪਾ ਕਰਕੇ ਮੈਨੂੰ ਮੰਗੀ ਗਈ ਜਾਣਕਾਰੀ ਜਲਦੀ ਤੋ ਜਲਦੀ ਤਸਦੀਕਸੁਦਾ ਮੁਹੱਈਆ ਕਰਵਾ ਕੇ ਧੰਨਵਾਦੀ ਬਣਾਇਆ ਜਾਵੇ ਜੀ।
ਧੰਨਵਾਦ ਸਹਿਤ।

ਪ੍ਰਾਰਥਕ:
ਕੁਲਵਿੰਦਰਪਾਲ ਕੌਰ

ਮਿਤੀ:- 14/8/2018

ਕੁਲਵਿੰਦਰ ਪਾਲ ਕੌਰ ਪਤਨੀ ਦਲਜਿੰਦਰਜੀਤ ਸਿੰਘ
ਵਾਸੀ ਐਲ-3/373 ਗਲੀ ਨੰਬਰ 4, ਜਸਪਾਲ ਨਗਰ,
ਸੁਲਤਾਨਵਿੰਡ ਰੋਡ, ਜਿਲਾ ਅੰਮ੍ਰਿਤਸਰ।
ਮੋਬਾਇਲ ਨੰਬਰ: 8146242514.

ਨੱਥੀ:-

1) ਪ੍ਰਾਰਥਕਾ ਦੇ ਆਧਾਰ ਕਾਰਡ ਦੀ ਕਾਪੀ
2) ਪ੍ਰਾਰਥਕਾ ਦੇ ਰਾਸ਼ਨ ਕਾਰਡ ਦੀ ਕਾਪੀ
3) ਦਲਜਿੰਦਰਜੀਤ ਸਿੰਘ ਦੇ ਵੋਟਰ ਕਾਰਡ ਦੀ ਕਾਪੀ।